Punjab Government Gazette

Published by Authority

No. 16] CHANDIGARH, FRIDAY, APRIL 17, 2026 (CHAITRA 27, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਆਬਕਾਰੀ ਤੇ ਕਰ ਵਿਭਾਗ

(ਆਬਕਾਰੀ ਤੇ ਕਰ-1 ਸ਼ਾਖਾ)

ਹੁਕਮ

ਇਹ ਕਿ ਵਿਭਾਗ ਦੇ ਯਾਦ-ਪੱਤਰ ਨੰ. 2/76/2022-ਅਕ-1(2)/1204 ਮਿਤੀ 19.01.2024 ਰਾਹੀਂ ਸ਼੍ਰੀ ਸੁਖਪਾਲਵੀਰ ਸਿੰਘ ਮਰਾਹੜ, ਰਾਜ ਕਰ ਅਫਸਰ ਨੂੰ ਦਫਤਰ ਸਹਾਇਕ ਕਮਿਸ਼ਨਰ ਸਟੇਟ ਟੈਕਸ, ਲੁਧਿਆਣਾ-3 ਵਿਖੇ ਆਪਣੀ ਡਿਊਟੀ ਤੋਂ ਮਿਤੀ 10.05.2022 ਤੋਂ ਗੈਰ-ਹਾਜਰ ਰਹਿਣ, ਦਫਤਰੀ ਹੁਕਮਾਂ ਦੀ ਪ੍ਰਵਾਹ ਨਾ ਕਰਨੀ ਅਤੇ ਗੈਰ-ਹਾਜਰ ਰਹਿ ਕੇ ਅਨੁਸ਼ਾਸ਼ਨਹੀਣਤਾ ਦਿਖਾਉਣ ਦੇ ਦੋਸ਼ ਵਜੋਂ ਡਿਊਟੀ ਵਿੱਚ ਅਣਗਹਿਲੀ, ਲਾਪਰਵਾਹੀ ਅਤੇ ਕੁਤਾਹੀ ਵਰਤਣ ਦੇ ਦੋਸ਼ ਵਜੋਂ ਪੰਜਾਬ ਸਿਵਲ ਸੇਵਾਵਾਂ (ਦੰਡ ਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 8 ਅਧੀਨ ਚਾਰਜਸ਼ੀਟ ਜਾਰੀ ਕੀਤੀ ਗਈ ਸੀ।

2.0 ਇਹ ਕਿ ਅਧਿਕਾਰੀ ਨੂੰ ਜਾਰੀ ਕੀਤੀ ਗਈ ਚਾਰਜਸੀਟ ਅਣ-ਡਲੀਵਰ ਵਾਪਿਸ ਸ਼ਾਖਾ ਵਿੱਚ ਪ੍ਰਾਪਤ ਹੋਈ। ਇਸ ਲਈ ਚਾਰਜਸ਼ੀਟ ਮੂਲ ਰੂਪ ਵਿੱਚ ਇਸ ਅਧਿਕਾਰੀ ਨੂੰ ਉਸਦੇ ਘਰੇਲੂ ਅਤੇ ਵਿਦੇਸ਼ੀ ਪਤੇ ਉੱਤੇ ਸਰਵ ਕਰਵਾ ਕੇ ਪਹੁੰਚ ਰਸੀਦ ਸਰਕਾਰ ਨੂੰ ਭੇਜਣ ਲਈ ਪੱਤਰ ਮਿਤੀ 07.02.2024 ਰਾਹੀਂ ਰਾਜ ਕਰ ਕਮਿਸ਼ਨਰ, ਪੰਜਾਬ ਨੂੰ ਲਿਖਿਆ ਗਿਆ ਸੀ। ਰਾਰ ਕਰ ਕਮਿਸ਼ਨਰ, ਪੰਜਾਬ ਨੇ ਪੱਤਰ ਮਿਤੀ 23.02.2024 ਰਾਹੀਂ ਅਧਿਕਾਰੀ ਦਾ ਮਕਾਨ ਬੰਦ ਹੋਣ ਕਾਰਨ, ਇਹ ਪੱਤਰ ਉਸਦੇ ਘਰ ਦੀ ਦੀਵਾਰ ਤੇ ਚਿਪਕਾਉਣ ਸਬੰਧੀ ਸਹਾਇਕ ਕਮਿਸ਼ਨਰ ਰਾਜ ਕਰ, ਲੁਧਿਆਣਾ-3 ਵੱਲੋਂ ਪ੍ਰਾਪਤ ਹੋਈ ਰਿਪੋਰਟ ਮਿਤੀ 21.02.2024 ਦੀ ਕਾਪੀ ਭੇਜੀ ਗਈ। ਇਸ ਉਪਰੰਤ ਰਾਜ ਕਰ ਕਮਿਸ਼ਨਰ, ਪੰਜਾਬ ਨੂੰ ਇਹ ਚਾਰਜਸ਼ੀਟ ਦਫਤਰੀ ਰਿਕਾਰਡ ਵਿੱਚ ਮੌਜੂਦ ਅਧਿਕਾਰੀ ਦੇ ਈ-ਮੇਲ ਆਈ.ਡੀ. ਉੱਤੇ ਸਰਵ ਕਰਵਾਉਣ ਅਤੇ ਇਸਦੇ ਨਾਲ ਹੀ ਪਬਲਿਕ ਨੋਟਿਸ ਇੱਕ ਅੰਗਰੇਜੀ ਅਤੇ ਪੰਜਾਬੀ ਅਖਬਾਰ ਵਿੱਚ ਪ੍ਰਕਾਸ਼ਿਤ ਕਰਵਾ ਕੇ ਸਬੰਧਿਤ ਅਖਬਾਰ ਦੀਆਂ ਕਾਤਰਾਂ ਸਰਕਾਰ ਨੂੰ ਭੇਜਣ ਲਈ ਲਿਖਿਆ ਗਿਆ। ਉਨ੍ਹਾਂ ਨੇ ਆਪਣੇ ਪੱਤਰ ਮਿਤੀ 06.08.2024 ਰਾਹੀਂ ਚਾਰਜਸ਼ੀਟ ਅਧਿਕਾਰੀ ਦੇ ਈ-ਮੇਲ ਆਈ.ਡੀ. ਉੱਤੇ ਭੇਜੇ ਜਾਣ ਅਤੇ ਅਖਬਾਰ ਵਿੱਚ ਪ੍ਰਕਾਸ਼ਿਤ ਕੀਤੇ ਗਏ ਨੋਟਿਸ ਦੀਆਂ ਕਾਤਰਾਂ ਸਰਕਾਰ ਨੂੰ ਭੇਜੀਆਂ ਗਈਆਂ।

3.0 ਇਹ ਕਿ ਫਿਰ ਵੀ ਅਧਿਕਾਰੀ ਵੱਲੋਂ ਚਾਰਜਸੀਟ ਦਾ ਜਵਾਬ ਮਿੱਥੇ ਸਮੇਂ ਅੰਦਰ-ਅੰਦਰ ਨਾ ਭੇਜਣ ਕਰਕੇ ਉਸ ਵਿਰੁੱਧ ਚਾਰਜਸ਼ੀਟ ਵਿੱਚ ਲਗਾਏ ਗਏ ਦੋਸ਼ਾਂ ਦੀ ਸੱਚਾਈ ਜਾਣਨ ਲਈ ਸ਼੍ਰੀ ਧਰਮ ਪਾਲ ਗੁਪਤਾ, ਆਈ.ਏ.ਐੱਸ. (ਰਿਟਾ) ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ ਪ੍ਰੰਤੂ ਉਨ੍ਹਾਂ ਵੱਲੋਂ ਪੜਤਾਲੀਆ ਅਫਸਰ ਤੋਂ ਅਸਤੀਫਾ ਦੇਣ ਕਰਕੇ ਇਸ ਉਪਰੰਤ ਸ਼੍ਰੀ ਜਸਪਾਲ ਸਿੰਘ, ਪੀ.ਸੀ.ਐੱਸ. (ਰਿਟਾ) ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ, ਲੋੜੀਂਦੇ ਹੁਕਮ ਮਿਤੀ 11.09.2024, ਪਿੱਠ

ਅੰਕਣ ਨੰ.2/76/2022-ਅਕ-1(2)/15501-03 ਮਿਤੀ 17.09.2024 ਰਾਹੀਂ ਜਾਰੀ ਕੀਤੇ ਗਏ।ਪੜਤਾਲੀਆ ਅਫਸਰ ਵੱਲੋਂ ਪੱਤਰ ਮਿਤੀ 07.03.2025 ਰਾਹੀਂ ਪੜਤਾਲ ਰਿਪੋਰਟ ਭੇਜਦੇ ਹੋਏ, ਅਧਿਕਾਰੀ ਵਿਰੁੱਧ ਚਾਰਜਸ਼ੀਟ ਵਿੱਚ ਲਗਾਏ ਗਏ ਦੋਵੇਂ ਦੋਸ਼ਾਂ ਨੂੰ ਸਿੱਧ ਹੋਣਾ ਕਰਾਰ ਦਿੱਤਾ ਗਿਆ। ਕਿਉਂਕਿ ਪੜਤਾਲੀਆ ਅਫਸਰ ਨੇ ਅਧਿਕਾਰੀ ਵਿਰੁੱਧ ਚਾਰਜਸ਼ੀਟ ਵਿੱਚ ਲਗਾਏ ਗਏ ਦੋਸ਼ਾਂ ਨੂੰ ਸਿੱਧ ਕੀਤਾ ਗਿਆ, ਇਸ ਲਈ ਅਧਿਕਾਰੀ ਨੂੰ ਅਖਬਾਰਾਂ ਵਿੱਚ ਪਬਲਿਕ ਨੋਟਿਸ ਪ੍ਰਕਾਸ਼ਿਤ ਕਰਵਾ ਕੇ ਸੂਚਿਤ ਕੀਤਾ ਗਿਆ ਕਿ ਜੇਕਰ ਉਹ ਕੁੱਝ ਕਹਿਣਾ ਚਾਹੁੰਦਾ ਹੈ ਤਾਂ ਦਫਤਰ ਹਾਜਰ ਹੋ ਕੇ ਚਾਰਜਸੀਟ ਦੀ ਕਾਪੀ ਸਮੇਤ ਪੜਤਾਲ ਰਿਪੋਰਟ ਦੀ ਕਾਪੀ ਪ੍ਰਾਪਤ ਕਰਕੇ ਆਪਣਾ ਪੱਖ ਪੇਸ਼ ਕਰੇ।ਇਹ ਨੋਟਿਸ ਮਿਤੀ 23.05.2025 ਨੂੰ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਵਾਇਆ ਗਿਆ।

4.0 ਇਹ ਕਿ ਅਧਿਕਾਰੀ ਵੱਲੋਂ ਮਿੱਥੇ ਸਮੇਂ ਅੰਦਰ-ਅੰਦਰ ਇਸਦਾ ਵੀ ਕੋਈ ਜਵਾਬ ਪ੍ਰਾਪਤ ਨਾ ਹੋਣ ਉੱਤੇ ਕੇਸ ਸਬੰਧੀ ਅਗਲੇਰੀ ਕਾਰਵਾਈ ਕਰਨ ਤੋਂ ਪਹਿਲਾਂ ਉਸਨੂੰ ਨਿਮਨਹਸਤਾਖਰ ਵੱਲੋਂ ਮਿਤੀ 16.09.2025 ਨੂੰ ਨਿੱਜੀ ਪੱਧਰ ਉੱਤੇ ਸੁਣਵਾਈ ਦਾ ਮੌਕਾ ਦਿੱਤਾ ਗਿਆ ਅਤੇ ਇਸ ਸਬੰਧੀ ਅਖਬਾਰਾਂ ਵਿੱਚ ਪਬਲਿਕ ਨੋਟਿਸ ਵੀ ਪ੍ਰਕਾਸ਼ਿਤ ਕੀਤਾ ਗਿਆ। ਇਹ ਅਧਿਕਾਰੀ ਨਿੱਜੀ ਸੁਣਵਾਈ ਦੌਰਾਨ ਹਾਜਰ ਨਹੀਂ ਹੋਇਆ।ਇਸ ਲਈ ਇਸ ਕੇਸ ਦੇ ਸਮੁੱਚੇ ਤੱਥਾਂ ਨੂੰ ਘੋਖਣ ਉਪਰੰਤ ਪਾਇਆ ਗਿਆ ਕਿ ਇਹ ਅਧਿਕਾਰੀ ਅਣ-ਅਧਿਕਾਰਤ ਤੌਰ 'ਤੇ ਲੰਬੇ ਸਮੇਂ ਤੋਂ ਡਿਊਟੀ ਤੋਂ ਗੈਰ-ਹਾਜਰ ਹੈ ਅਤੇ ਵਿਭਾਗ ਵੱਲੋਂ ਜਾਰੀ ਕਿਸੇ ਵੀ ਨੋਟਿਸ ਆਦਿ ਜਾਂ ਉਸਦੀ ਅਣ-ਅਧਿਕਾਰਤ ਤੌਰ 'ਤੇ ਗੈਰ-ਹਾਜਰੀ ਸਬੰਧੀ ਕੋਈ ਜਵਾਬ ਨਹੀਂ ਦਿੱਤਾ ਗਿਆ ਹੈ।ਇਸ ਲਈ ਸਰਕਾਰ ਵੱਲੋਂ ਇਸ ਅਧਿਕਾਰੀ ਨੂੰ ਪੰਜਾਬ ਸਿਵਲ ਸੇਵਾਵਾਂ (ਦੰਡ ਤੇ ਅਪੀਲ) ਨਿਯਮਾਂਵਲੀ 1970 ਦੇ ਪਾਰਟ-III ਨਿਯਮ 5 ਅਧੀਨ ਦਿੱਤੀਆਂ ਜਾਣ ਵਾਲੀਆਂ ਵੱਡੀਆਂ ਸਜ਼ਾਵਾਂ ਵਿੱਚੋਂ ਲੜੀ ਨੰ. ix ਉੱਤੇ ਦਰਜ ਟਰਮੀਨੇਟ ਕਰਨ ਦੀ ਸਜ਼ਾ ਦੇਣ ਦਾ ਅਸੂਲੀ/ਰਸਮੀ ਫੈਸਲਾ ਲਿਆ ਗਿਆ ਹੈ। ਸਰਕਾਰ ਵੱਲੋਂ ਲਏ ਗਏ ਅਸੂਲੀ/ਰਸਮੀ ਫੈਸਲੇ ਉੱਤੇ ਪੀ.ਪੀ.ਐੱਸ.ਸੀ ਨੂੰ ਆਪਣੀ ਪ੍ਰਵਾਨਗੀ/ਸਹਿਮਤੀ ਦੇਣ ਲਈ ਵਿਭਾਗ ਦੇ ਪੱਤਰ ਮਿਤੀ 06.10.2025 ਰਾਹੀਂ ਲਿਖਿਆ ਗਿਆ। ਪੀ.ਪੀ.ਐੱਸ.ਸੀ ਵੱਲੋਂ ਆਪਣੇ ਪੱਤਰ ਨੰ.ਡਿਸ647/2025/ਅ-7/3215 ਮਿਤੀ 27.11.2025 ਰਾਹੀਂ ਵਿਭਾਗ ਦੀ ਤਜਵੀਜ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ, ਸ਼੍ਰੀ ਸੁਖਪਾਲਵੀਰ ਸਿੰਘ ਮਰਾਹੜ, ਰਾਜ ਕਰ ਅਫਸਰ ਨੂੰ ਸੇਵਾ ਤੋਂ ਟਰਮੀਨੇਟ ਕਰਨ ਦੀ ਪ੍ਰਵਾਨਗੀ ਦਿੱਤੀ ਗਈ।

5.0 ਇਸ ਲਈ ਉਪਰੋਕਤ ਅਤੇ ਪੀ.ਪੀ.ਐੱਸ.ਸੀ. ਵੱਲੋਂ ਦਿੱਤੀ ਗਈ ਪ੍ਰਵਾਨਗੀ ਦੇ ਸਨਮੁੱਖ ਸ਼੍ਰੀ ਸੁਖਪਾਲਵੀਰ ਸਿੰਘ ਮਰਾਹੜ, ਰਾਜ ਕਰ ਅਫਸਰ ਨੂੰ ਪੰਜਾਬ ਸਿਵਲ ਸੇਵਾਵਾਂ (ਦੰਡ ਤੇ ਅਪੀਲ) ਨਿਯਮਾਂਵਲੀ 1970 ਦੇ ਪਾਰਟ-III ਨਿਯਮ 5 ਅਧੀਨ ਦਿੱਤੀਆਂ ਜਾਣ ਵਾਲੀਆਂ ਵੱਡੀਆਂ ਸਜ਼ਾਵਾਂ ਵਿੱਚੋਂ ਲੜੀ ਨੰ.ix ਉੱਤੇ ਦਰਜ ਟਰਮੀਨੇਟ ਕਰਨ ਦੀ ਸਜ਼ਾ ਦਿੱਤੀ ਜਾਂਦੀ ਹੈ।

6.0 ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਚੰਡੀਗੜ੍ਹ
ਮਿਤੀ 4 ਦਸੰਬਰ, 2025

ਅਜਿਤ ਬਾਲਾਜੀ ਜੋਸ਼ੀ
ਪ੍ਰਬੰਧਕੀ ਸਕੱਤਰ (ਕਰ), ਪੰਜਾਬ।

3690/4-2026/Pb. Govt. Press, S.A.S. Nagar